



# ਨਹਿਰੂ ਯੁਵਾ ਕੇਂਦਰ

ਨਹਿਰੂ ਯੁਵਾ ਕੇਂਦਰ ਸੰਗਠਨ ਯੁਵਾ ਮਾਮਲੇ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੀ ਨੌਜਵਾਨਾਂ ਦੇ ਸਰਵਾਂਗੀਨ ਵਿਕਾਸ ਲਈ ਪਿੰਡ ਪੱਧਰ ਦੀ ਵੱਡੀ ਯੁਵਾ ਸੰਸਥਾ ਹੈ। ਇਸ ਸੰਸਥਾ ਦੀ ਅਗਵਾਈ ਹੇਠ ਮੁਲਕ ਵਿਚ ਦੋ ਲੱਖ ਤੋਂ ਵੱਧ ਪੇਂਡੂ ਯੂਥ ਕਲੱਬਾਂ, ਯੁਵਾ, ਸਮਾਜ ਸੇਵਾ ਅਤੇ ਵਿਕਾਸ ਦੇ ਖੇਤਰ ਵਿਚ ਕਾਰਜਸ਼ੀਲ ਹਨ। ਭਾਰਤ ਦੇ ਲਗਭਗ 500 ਜ਼ਿਲ੍ਹਿਆਂ ਵਿਚ ਨਹਿਰੂ ਯੁਵਾ ਕੇਂਦਰ ਸਥਿਤ ਹਨ। ਨਹਿਰੂ ਯੁਵਾ ਕੇਂਦਰ ਦੇ ਜਿਲਾ ਮੁੱਖੀ ਅਧਿਕਾਰੀ ਨੂੰ ਜ਼ਿਲ੍ਹਾ ਯੂਥ ਕੋ-ਆਰਡੀਨੇਟਰ ਕਿਹਾ ਜਾਂਦਾ ਹੈ।

**ਮੁੱਖ ਉਦੇਸ਼**

1. ਪੇਂਡੂ ਯੂਥ ਕਲੱਬਾਂ ਦੇ ਰੂਪ ਵਿਚ ਗੈਰ-ਵਿਦਿਆਰਥੀ, ਗੱਭਰੂਆਂ ਅਤੇ ਮੁਟਿਆਰਾਂ ਨੂੰ ਸੰਗਠਤ ਕਰਨਾ ਹੈ।
2. ਪਿੰਡਾਂ ਵਿਚ ਵਸਦੇ ਗੱਭਰੂਆਂ ਅਤੇ ਮੁਟਿਆਰਾਂ ਨੂੰ ਆਪਣੀ ਕਲਾ ਅਤੇ ਸ਼ਖ਼ਸੀਅਤ ਨਿਖਾਰਨ ਲਈ ਮੌਕੇ ਪ੍ਰਦਾਨ ਕਰਨੇ।
3. ਪੇਂਡੂ ਖੇਤਰਾਂ ਦੇ ਬਹੁਪੱਖੀ ਵਿਕਾਸ ਲਈ ਵਿਕਾਸ ਸਕੀਮਾਂ ਬਣਾ ਕੇ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ।
4. ਯੁਵਾ ਪੀੜੀ ਵਿਚ ਸਵੈ-ਵਿਸ਼ਵਾਸ, ਸਵੈ-ਨਿਰਭਰਤਾ, ਭਾਰਤੀ ਹੋਣ ਦੇ ਗੌਰਵ ਤੇ ਸਮਾਜਵਾਦੀ ਭਾਵਨਾ, ਧਰਮ-ਨਿਰਪੱਖਤਾ, ਰਾਸ਼ਟਰੀ ਏਕਤਾ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਨੂੰ ਪ੍ਰਫੁੱਲਤ ਕਰਨਾ।
5. ਯੁਵਾ ਪੀੜੀ ਨੂੰ ਚਰਿੱਤਰ ਨਿਰਮਾਣ, ਸਰੀਰਕ ਕੌਸ਼ਲਤਾ ਅਤੇ ਸਭਿਆਚਾਰਕ ਵਿਰਸੇ ਦੀ ਅਮੀਰੀ ਨਾਲ ਜੋੜਨਾ।

ਇਨ੍ਹਾਂ ਟੀਚਿਆਂ ਦੀ ਪ੍ਰਾਪਤੀ ਲਈ ਨਹਿਰੂ ਯੁਵਾ ਕੇਂਦਰ ਵਲੋਂ ਜ਼ਿਲ੍ਹੇ ਵਿਚ ਹੇਠ ਲਿਖੇ ਪ੍ਰੋਗਰਾਮ ਚਲਾਏ ਜਾਂਦੇ ਹਨ:-

1. **ਯੂਥ ਕਲੱਬ ਵਿਕਾਸ ਪ੍ਰੋਗਰਾਮ**

   ਇਸ ਪ੍ਰੋਗਰਾਮ ਅਧੀਨ ਨੌਜਵਾਨਾਂ ਲਈ ਇਕ ਕਲੱਬ ਨੂੰ ਆਤਮ-ਨਿਰਭਰ ਬਨਾਉਣ ਅਤੇ ਉਸ ਦੇ ਸੁਚੱਜੇ ਪ੍ਰਬੰਧ ਕਾਰਜ ਦੀ ਪੰਜ ਰੋਜ਼ਾ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਂਦਾ ਹੈ।
2. **ਚੇਤਨਤਾ ਮੁਹਿੰਮਾਂ**

   ਸਮਾਜਿਕ ਸਮੱਸਿਆਵਾਂ ਅਤੇ ਰਾਸ਼ਟਰੀ ਵਿਕਾਸ ਯੋਜਨਾਵਾਂ ਸਬੰਧੀ ਯੁਵਾ ਵਰਗ ਨੂੰ ਉਚੇਚੇ ਰੂਪ ਵਿਚ ਜਾਗਰੂਕ ਕਰਕੇ ਵਲੰਟਰੀ ਸੇਵਾਵਾਂ ਲਈ ਪ੍ਰੇਰਿਤ ਕੀਤਾ ਜਾਂਦਾ ਹੈ।
3. **ਕਿੱਤਾ ਸਿਖਲਾਈ ਕੋਰਸ**

   ਸਵੈ-ਰੁਜ਼ਗਾਰ ਨੂੰ ਪ੍ਰਫੁੱਲਤ ਕਰਨ ਲਈ ਨੌਜਵਾਨਾਂ ਲਈ ਟੈਕਨੀਕਲ ਅਤੇ ਖੇਤੀ ਤੇ ਅਧਾਰਿਤ ਕਿੱਤਾ ਮੁੱਖੀ ਸਿਖਲਾਈ ਕੋਰਸ ਲਗਵਾਏ ਜਾਂਦੇ ਹਨ।
4. **ਖੇਡਾਂ**

   ਪੇਂਡੂ ਖੇਡਾਂ ਦੇ ਅਮੀਰ ਵਿਰਸੇ ਨੂੰ ਹੋਰ ਵੀ ਪ੍ਰਫੁੱਲਤ ਕਰਨ ਲਈ ਪੇਂਡੂ ਟੂਰਨਾਮੈਂਟਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।
5. **ਸੱਭਿਆਚਾਰਕ ਗਤੀ-ਵਿਧੀਆਂ**

   ਪੇਂਡੂ ਲੋਕ ਕਲਾਵਾਂ ਅਤੇ ਆਪਣੇ ਵਿਰਸੇ ਨਾਲ ਸੰਬੰਧਤ ਸੱਭਿਆਚਾਰਕ ਗਤੀ-ਵਿਧੀਆਂ ਸਬੰਧੀ ਪ੍ਰੋਗਰਾਮ ਕੀਤੇ ਜਾਂਦੇ ਹਨ।

6. **ਹੱਥੀ ਕਿਰਤ ਕੈਂਪ (ਵਰਕ ਕੈਂਪ)**

ਨੌਜਵਾਨਾਂ ਵਿਚ ਹੱਥੀ ਕੰਮ ਦੀ ਮਹਾਨਤਾ (ਗਰਿਮਾ) ਨੂੰ ਉਜਾਗਰ ਕਰਨ ਲਈ ਸਫ਼ਾਈ, ਰਸਤਿਆਂ ਦਾ ਨਿਰਮਾਣ ਅਤੇ ਸਮੁਦਾਇਕ ਸੰਪਤੀ ਦੀ ਸਾਂਭ-ਸੰਭਾਲ ਲਈ ਇਹਨਾਂ ਕੈਂਪਾ ਦਾ ਆਯੋਜਨ ਕੀਤਾ ਜਾਂਦਾ ਹੈ।

7. **ਸਾਹਸੀ ਪ੍ਰੋਗਰਾਮ**

ਨੌਜਵਾਨਾਂ ਵਿਚ ਸਾਹਸੀ ਭਾਵਨਾ ਨੂੰ ਵਿਕਸਿਤ ਕਰਨ ਲਈ ਇਨ੍ਹਾਂ ਕੈਂਪਾਂ ਦਾ ਆਯੋਜਨ ਦੂਰ-ਦੁਰਾਡੇ ਪਹਾੜੀ ਖੇਤਰਾਂ ਵਿਚ ਕੀਤਾ ਜਾਂਦਾ ਹੈ।

8. **ਕੌਮੀ ਅਤੇ ਕੌਮਾਂਤਰੀ ਹਫ਼ਤਿਆਂ ਦਾ ਆਯੋਜਨ**

ਨੌਜਵਾਨਾਂ ਵਿਚ ਆਪਣੇ ਅਮੀਰ ਵਿਰਸੇ ਨੂੰ ਬਣਾਈ ਰੱਖਣ ਲਈ, ਵਿਕਾਸ ਅਤੇ ਚੇਤਨਤਾ ਸਬੰਧੀ ਵੱਖ-ਵੱਖ ਦਿਵਸਾਂ ਅਤੇ ਹਫ਼ਤਿਆਂ ਨੂੰ ਵੀ ਆਯੋਜਿਤ ਕੀਤਾ ਜਾਂਦਾ ਹੈ।

9. **ਕੌਮੀ ਏਕਤਾ ਸਬੰਧੀ ਪ੍ਰੋਗਰਾਮ**

ਦੇਸ਼ ਦੀ ਰਾਸ਼ਟਰੀ ਏਕਤਾ, ਅਖੰਡਤਾ ਲਈ ਯੁਵਾ ਅੰਤਰ-ਰਾਜੀ ਟੂਰ, ਕੌਮੀ ਏਕਤਾ ਕੈਂਪ ਅਤੇ ਸੱਭਿਆਚਾਰਕ ਵਟਾਂਦਰਾ ਪ੍ਰੋਗਰਾਮਾਂ ਦਾ ਆਯੋਜਨ ਦੇਸ਼ ਦੇ ਵਿਭਿੰਨ ਖੇਤਰਾਂ ਵਿੱਚ ਕੀਤਾ ਜਾਂਦਾ ਹੈ।

10. **ਸਮਾਜ ਸੇਵਾ ਸਬੰਧੀ ਗਤੀ-ਵਿਧੀਆਂ**

ਕੁਦਰਤੀ ਆਫ਼ਤਾਂ ਵਿੱਚ ਰਲੀਫ਼ ਦੇ ਕੰਮ, ਖੂਨਦਾਨ ਕੈਂਪ, ਮੈਡੀਕਲ ਕੈਂਪ, ਆਈ ਕੈਂਪ, ਵਾਤਾਵਰਣ ਦੀ ਸਾਂਭ ਸੰਭਾਲ ਸਬੰਧੀ ਪ੍ਰੋਗਰਾਮ, ਨਸ਼ਿਆਂ ਅਤੇ ਏਡਜ਼ ਵਿਰੁੱਧ ਪ੍ਰੋਗਰਾਮ, ਭਰੂਣ ਹੱਤਿਆ ਅਤੇ ਦਹੇਜ ਆਦਿ ਮੁੱਦਿਆਂ ਤੇ ਆਧਾਰਿਤ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ।

11. **ਯੂਥ ਕਲੱਬਾਂ ਲਈ ਵਿੱਤੀ ਸਹਾਇਤਾ**

ਨਵੀਆਂ ਰਜਿਸਟਰਡ ਹੋਈਆਂ ਕਲੱਬਾਂ ਨੂੰ ਇਸ ਯੋਜਨਾ ਅਧੀਨ 10,000 ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ।

12. **ਯੂਥ ਡਿਵੈਲਪਮੈਂਟ ਸੈਂਟਰ**

ਤਿੰਨ ਸਾਲ ਪੁਰਾਣੀਆਂ ਉਹ ਕਲੱਬਾਂ ਜਿਨ੍ਹਾਂ ਨੇ ਆਪਣੀ ਆਮਦਨ ਅਤੇ ਖਰਚੇ ਦਾ ਵਿੱਧੀਬੱਧ ਹਿਸਾਬ ਕਿਤਾਬ ਰੱਖ ਕੇ ਆਡਿਟ ਕਰਵਾਇਆ ਹੈ ਅਤੇ ਆਪਣੀ ਕਾਰਗੁਜ਼ਾਰੀ ਦੀਆਂ ਰਿਪੋਰਟਾਂ ਤਿਆਰ ਕੀਤੀਆਂ ਹਨ। ਇਸ ਸਕੀਮ ਤਹਿਤ 30,000/- ਰੁ. ਦੀ ਗਰਾਂਟ ਲਈ ਆਵੇਦਨ ਕਰ ਸਕਦੀਆਂ ਹਨ।

13. **ਐਨ.ਐਸ.ਵੀ. ਯੋਜਨਾ**

ਇਸ ਯੋਜਨਾ ਅਧੀਨ 28 ਸਾਲ ਤੋਂ ਘੱਟ ਉਮਰ ਦੇ ਜਨਰਲ ਕੈਟਾਗਰੀ ਦੇ ਗ੍ਰੇਜੂਏਟ ਅਤੇ ਐਸ.ਸੀ. ਅਤੇ ਮਹਿਲਾ ਕੈਟਾਗਰੀ ਦੇ +2 ਨੌਜਵਾਨ ਨਹਿਰੂ ਯੁਵਾ ਕੇਂਦਰ ਵਿਚ ਬਤੌਰ ਨੈਸ਼ਨਲ ਸਰਵਿਸ ਵਲੰਟੀਅਰ ਸੇਵਾ ਕਰਨ ਲਈ ਦੋ ਸਾਲ ਦੇ ਡਿਪਲਾਏਮੈਂਟ ਲਈ 1000/- ਰੁ. ਪ੍ਰਤੀ ਮਹੀਨਾ ਮਾਣ ਭੱਤੇ ਤੇ ਜਨਵਰੀ ਅਤੇ ਫਰਵਰੀ ਮਹੀਨੇ ਵਿਚ ਆਵੇਦਨ ਕਰ ਸਕਦੇ ਹਨ।

14. **ਜ਼ਿਲ੍ਹਾ ਯੁਵਾ ਪੁਰਸਕਾਰ ਅਤੇ ਸਰਵੋਤਮ ਯੂਥ ਕਲੱਬ ਪੁਰਸਕਾਰ**

ਇਸ ਯੋਜਨਾ ਤਹਿਤ ਯੁਵਾ ਅਤੇ ਸਮਾਜ ਸੇਵਾ ਖੇਤਰ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਨੌਜਵਾਨਾਂ ਅਤੇ ਯੂਥ ਕਲੱਬਾਂ ਨੂੰ ਪ੍ਰੋਤਸਾਹਿਤ ਕਰਨ ਲਈ ਇਹ ਪੁਰਸਕਾਰ ਪ੍ਰਦਾਨ ਕੀਤੇ ਜਾਂਦੇ ਹਨ, ਜਿਸ ਵਿਚ ਵਿਅਕਤੀਗਤ ਪੁਰਸਕਾਰ ਵਿਚ 500/- ਰੁ. ਨਗਦ ਅਤੇ ਸਰਟੀਫਿਕੇਟ ਅਤੇ ਯੂਥ ਕਲੱਬ ਲਈ ਜ਼ਿਲ੍ਹਾ ਪੱਧਰ ਤੇ 10,000/- ਰੁ. ਰਾਜ ਪੱਧਰ ਤੇ 25,000/- ਰੁ. ਅਤੇ ਅਤੇ ਕੌਮੀ ਪੱਧਰ ਤੇ 1,00,000/- ਰੁ., 75,000/- ਰੁ. ਅਤੇ 50,000/- ਰੁ. ਦੇ ਤਿੰਨ ਪੁਰਸਕਾਰ ਪ੍ਰਦਾਨ ਕੀਤੇ ਜਾਂਦੇ ਹਨ।